# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 07-07-2024**

ਕਾਰਗਿਲ ਸੰਘਰਸ਼ ਦੌਰਾਨ ਜਿੱਤ ਦੇ 25 ਸਾਲ ਪੂਰੇ ਹੋਣ 'ਤੇ, ਕਾਰਗਿਲ ਵਿਜੇ ਦਿਵਸ ਸਿਲਵਰ ਜੁਬਲੀ 2024 ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਮਨਾਈ ਗਈ। ਇਸ ਮੌਕੇ ਨੇ ਸੈਨਿਕਾਂ ਨੇ ਬਹਾਦਰੀ ਤੇ ਦੇਸ਼ ਭਗਤੀ ਪ੍ਰਦਰਸ਼ਿਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਭਾਰਤੀ ਹਵਾਈ ਫੌਜ਼ ਦੇ ਕਾਰਜਾਂ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਗਰੂਕ ਕੀਤਾ। ਸਿਲਵਰ ਜੁਬਲੀ ਸਮਾਗਮ ਦੇ ਇੱਕ ਹਿੱਸੇ ਵਜੋਂ, ਏਅਰ ਫੋਰਸ ਸਟੇਸ਼ਨ ਭਿਸੀਆਣਾ ਨੇ, ਹੁਸੈਨੀਵਾਲਾ ਬਾਰਡਰ ਤੱਕ ਇੱਕ ਸਾਈਕਲ ਮੁਹਿੰਮ ਅਰੰਭੀ, ਜਿਸ ਵਿੱਚ ਸਦਭਾਵਨਾ ਅਤੇ ਦੇਸ਼ ਭਗਤੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਟੀਮ ਵਿੱਚ 30 ਹਵਾਈ ਯੋਧੇ ਅਤੇ 5 ਸਹਾਇਕ ਸਟਾਫ਼ ਸ਼ਾਮਲ ਸਨ, ਜਿਨ੍ਹਾਂ ਨੇ ਮੁਹਿੰਮ ਦੌਰਾਨ ਕੁੱਲ 300 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਮੁਹਿੰਮ ਦੌਰਾਨ, ਟੀਮ ਨੇ ਪੈਂਫਲਟ ਵੰਡ ਕੇ, ਦੇਸ਼ ਦੀ ਰਾਖੀ ਲਈ ਮਹਾਨ ਕੁਰਬਾਨੀ ਦੇਣ

ਵਾਲੇ, ਕਾਰਗਿਲ ਯੁੱਧ ਦੇ ਸਾਡੇ ਵੀਰ ਨਾਇਕਾਂ ਦੀ ਯਾਦ ਵਿੱਚ, ਨੌਜਵਾਨ ਪੀੜ੍ਹੀ 'ਚ ਦੇਸ਼ ਭਗਤੀ ਦੀ ਭਾਵਨਾ ਫੈਲਾਈ ।

--------------------------------------------------------

ਨੀਤੀ ਆਯੋਗ ਵੱਲੋਂ ਆਸਵੰਦ ਜ਼ਿਲ੍ਹਾ ਅਤੇ ਬਲਾਕ ਪ੍ਰੋਗਰਾਮ ਤਹਿਤ ਵੱਖ-ਵੱਖ ਮਾਪਦੰਡਾਂ ਵਿੱਚ ਪਛੜ ਰਹੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੰਪੂਰਨਤਾ ਅਭਿਆਨ ਚਲਾਇਆ ਜਾ ਰਿਹਾ ਏ । ਇਸੇ ਲੜੀ ਵਿਚ ਜ਼ਿਲ੍ਹਾ ਸੰਗਰੂਰ ਦੇ ਬਲਾਕ ਧੂਰੀ ਵਿਚ ਇਸ ਸੰਪੂਰਨਤਾ ਅਭਿਆਨ ਦੀ ਸ਼ੁਰੂਆਤ ਕੀਤੀ ਗਈ ।

--------------------------------------------------------

ਸਿਹਤ ਮੰਤਰਾਲੇ ਨੇ ਕਿਹਾ ਏ ਕਿ ਇਸ ਸਾਲ ਅੰਡਰ-ਗਰੈਜੂਏਟ ਅਤੇ ਪੋਸਟ ਗ੍ਰੈਜੂਏਟ ਮੈਡੀਕਲ ਕੋਰਸਾਂ ਵਿੱਚ ਦਾਖਲੇ ਲਈ, NEET, ਰਾਸ਼ਟਰੀ ਯੋਗਤਾ ਤੇ ਪ੍ਰਵੇਸ਼ ਪ੍ਰੀਖਿਆ ਲਈ ਕਾਉਂਸਲਿੰਗ ਦੀਆਂ ਤਰੀਕਾਂ ਦਾ ਅਜੇ ਫੈਸਲਾ ਨਹੀਂ ਕੀਤਾ ਗਿਆ । ਮੈਡੀਕਲ ਕਾਉਂਸਲਿੰਗ ਕਮੇਟੀ, ਪ੍ਰੀਖਿਆ ਪ੍ਰਕਿਰਿਆ ਪੂਰੀ ਹੋਣ ਅਤੇ ਸੀਟ ਮੈਟ੍ਰਿਕਸ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ, ਵੈਬਸਾਈਟ 'ਤੇ ਇਨ੍ਹਾਂ ਤਰੀਕਾਂ ਦਾ ਐਲਾਨ

ਕਰਦੀ ਏ । ਅੰਡਰ-ਗਰੈਜੂਏਟ ਸੀਟ ਮੈਟ੍ਰਿਕਸ ਇਸ ਮਹੀਨੇ ਦੇ ਤੀਜੇ ਹਫ਼ਤੇ ਅਤੇ ਪੋਸਟ ਗ੍ਰੈਜੂਏਟ ਸੀਟ ਮੈਟ੍ਰਿਕਸ ਅਗਸਤ ਦੇ ਅੱਧ ਤੱਕ ਤੈਅ ਹੋਣ ਦੀ ਸੰਭਾਵਨਾ ਏ । ਇਸ ਤੋਂ ਬਾਅਦ ਕਾਊਂਸਲਿੰਗ ਦੀ ਤਰੀਕ ਤੈਅ ਕੀਤੀ ਜਾਵੇਗੀ।

--------------------------------------------------------

ਕੇਂਦਰ ਸਰਕਾਰ ਵਲੋਂ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਕਰ ਦਿੱਤੇ ਗਏ ਨੇ । ਤਲਵੰਡੀ ਸਾਬੋ ਸਥਿਤ ਗੁਰੂ ਕਾਸ਼ੀ ਯੂਨੀਵਰਸਿਟੀ ਵਿਚ ਕਾਨੂੰਨ ਵਿਭਾਗ ਦੇ ਐਸੋਸੀਏਟ ਡੀਨ ਡਾ. ਗੁਰਪ੍ਰੀਤ ਕੌਰ ਦਾ ਮੰਨਣਾ ਏ ਕਿ ਗੈਰ ਜਰੂਰੀ ਕਾਨੂੰਨਾਂ ਨੂੰ ਬਦਲਣਾ ਇਕ ਬੇਹੱਦ ਹੀ ਸ਼ਲਾਘਾਯੋਗ ਕਦਮ ਏ ।

--------------------------------------------------------

ਪੰਜਾਬ ਪੁਲਿਸ ਦੇ ਡੀ.ਆਈ.ਜੀ ਬਾਰਡਰ ਰੇਂਜ ਰਾਕੇਸ਼ ਕੌਸ਼ਲ ਨੇ ਬਟਾਲਾ ਦੇ ਆਮ ਲੋਕਾਂ ਅਤੇ ਪੁਲਿਸ ਅਧਿਕਾਰੀਆਂ ਨਾਲ ਨਸ਼ੇ ਦੀ ਰੋਕਥਾਮ ਨੂੰ ਲੈਕੇ ਮੀਟਿੰਗ ਕੀਤੀ । ਇਸ ਮੌਕੇ ਬਟਾਲਾ ਦੇ ਐਸ.ਐਸ.ਪੀ ਅਤੇ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਰਹੇ । ਡੀ.ਆਈ.ਜੀ ਰਾਕੇਸ਼ ਕੌਸ਼ਲ ਨੇ ਕਿਹਾ ਕਿ ਆਮ ਲੋਕਾਂ ਨੂੰ ਵੀ ਚਾਹੀਦਾ ਏ, ਕਿ ਉਹ ਪੁਲਿਸ

ਦੀ ਮਦਦ ਕਰਨ ਕਿਉਂਕਿ ਨਸ਼ਾ ਕਰਨ ਵਾਲੇ ਅਤੇ ਵੇਚਣ ਵਾਲੇ ਬਾਰੇ ਜ਼ਿਆਦਾਤਰ ਜਾਣਕਾਰੀ ਆਮ ਲੋਕਾਂ ਕੋਲ ਹੁੰਦੀ ਏ। ਉਨ੍ਹਾਂ ਕਿਹਾ ਲੋਕਾਂ ਨੂੰ ਚਾਹੀਦਾ ਏ ਕਿ ਪੁਲਿਸ ਨਾਲ ਆਪਣੀ ਜਾਣਕਾਰੀ ਸਾਂਝੀ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਵਲੋਂ ਨਸ਼ਾ ਵੇਚਣ ਵਾਲਿਆਂ ਨੂੰ ਗਿਰਫਤਾਰ ਕੀਤਾ ਜਾਏਗਾ ਅਤੇ ਜੋ ਨਸ਼ਾ ਕਰਦੇ ਨੇ, ਉਹਨਾਂ ਨੂੰ ਨਸ਼ਾ ਛਡਵਾਉਣ ਵਿੱਚ ਮਦਦ ਵੀ ਕੀਤੀ ਜਾਵੇਗੀ।